**LANGUAGE RIGHTS** | **Voter Hotline: 1-888-API-VOTE**

ASIAN AMERICANS ADVANCING JUSTICE AAJC




*Bilingual assistance is available in Bengali/Bangla (বাংলা), Cantonese (廣東話), English, Hindi (हिंदी), Korean (한국어), Mandarin (普通話), Punjabi (ਪੰਜਾਬੀ), Tagalog, Urdu (اردو), and Vietnamese (tiếng Việt)*




# ਵੋਟਰ ਤਿਆਰੀ ਚੈੱਕਲਿਸਟ

## ਕੀ ਤੁਸੀਂ ਪਹਿਲਾਂ ਵੋਟ ਪਾਉਣ ਲਈ ਰਜਿਸਟਰ ਕੀਤਾ ਹੈ?

**ਹਾਂ**

- ਪੁਸ਼ਟੀ ਕਰੋ ਕਿ ਤੁਸੀਂ ਹਾਲੇ ਵੀ ਰਜਿਸਟਰਡ ਹੋ ਜਿੱਥੇ ਤੁਸੀਂ ਹੁਣ ਰਹਿੰਦੇ ਹੋ (ਜੇਕਰ ਨਹੀਂ, ਤਾਂ ਅੱਜ ਹੀ ਦੁਬਾਰਾ ਰਜਿਸਟਰ ਕਰੋ)
- ਪੁਸ਼ਟੀ ਕਰੋ ਕਿ ਤੁਸੀਂ ਸਹੀ ਪਤੇ 'ਤੇ ਰਜਿਸਟਰਡ ਹੋ (ਜੇਕਰ ਨਹੀਂ, ਤਾਂ ਆਪਣੀ ਰਜਿਸਟ੍ਰੇਸ਼ਨ ਅੱਪਡੇਟ ਕਰੋ)

**ਨਹੀਂ**

- ਅੱਜ ਹੀ ਰਜਿਸਟਰ ਕਰੋ!
- ਯਕੀਨੀ ਬਣਾਓ ਕਿ ਤੁਹਾਡੇ ਕੋਲ ਰਜਿਸਟਰ ਕਰਨ ਲਈ ਲੋੜੀਂਦੇ ਦਸਤਾਵੇਜ਼ ਹਨ

## ਡਾਕ ਰਾਹੀਂ ਵੋਟਿੰਗ

### *ਕੀ ਤੁਸੀਂ ਮੇਲ-ਇਨ ਬੈਲਟ ਲਈ ਬੇਨਤੀ ਕੀਤੀ ਸੀ?*

**ਹਾਂ**

- ਆਪਣੇ ਬੈਲਟ ਨੂੰ ਟ੍ਰੈਕ ਕਰੋ
- ਜੇਕਰ ਤੁਹਾਨੂੰ ਬੈਲਟ ਪ੍ਰਾਪਤ ਨਹੀਂ ਹੋਈ ਜਾਂ ਵੋਟ ਪਾਉਣ ਲਈ ਸਮੇਂ ਸਿਰ ਨਹੀਂ ਮਿਲੀ ਤਾਂ ਕਾਰਵਾਈ ਦੀ ਯੋਜਨਾ ਬਣਾਓ
- ਸਮਾਂ-ਸੀਮਾ ਤੱਕ ਇਸ ਨੂੰ ਵਾਪਸ ਡਾਕ ਰਾਹੀਂ ਭੇਜੋ

**ਨਹੀਂ**

- ਜੇਕਰ ਤੁਸੀਂ ਮੇਲ-ਇਨ ਬੈਲਟ ਲਈ ਬੇਨਤੀ ਕਰਨਾ ਚਾਹੁੰਦੇ ਹੋ, ਤਾਂ ਅਜਿਹਾ ਕਰਨ ਲਈ ਅਜੇ ਵੀ ਸਮਾਂ ਹੋ ਸਕਦਾ ਹੈ।

### *ਆਪਣੇ ਮੇਲ-ਇਨ ਬੈਲਟ ਨੂੰ ਵਾਪਸ ਕਰਨਾ*

- ਯਕੀਨੀ ਬਣਾਓ ਕਿ ਤੁਸੀਂ ਸਾਰੇ ਭਾਗਾਂ ਨੂੰ ਪੂਰਾ ਕਰ ਲਿਆ ਹੈ ਅਤੇ ਕੋਈ ਵੀ ਵਾਧੂ ਬੇਨਤੀ ਕੀਤੀ ਆਈਟਮ ਸ਼ਾਮਲ ਕਰੋ
- ਜੇਕਰ ਤੁਸੀਂ ਆਪਣੇ ਮੇਲ-ਇਨ ਬੈਲਟ ਨੂੰ ਕਿਤੇ ਦੇਣਾ ਚਾਹੁੰਦੇ ਹੋ, ਤਾਂ ਇਹ ਦੇਖਣ ਲਈ ਜਾਂਚ ਕਰੋ ਕਿ ਕੀ ਤੁਸੀਂ ਅਜਿਹਾ ਕਰ ਸਕਦੇ ਹੋ ਅਤੇ ਪਤਾ ਕਰੋ ਕਿ ਕਿਹੜੀਆਂ ਥਾਵਾਂ ਉਪਲਬਧ ਹਨ
- ਜੇਕਰ ਤੁਸੀਂ ਆਪਣੇ ਬੈਲਟ ਨੂੰ ਡਾਕ ਰਾਹੀਂ ਵਾਪਸ ਭੇਜਣ ਲਈ USPS ਦੀ ਵਰਤੋਂ ਕਰਨ ਦੀ ਯੋਜਨਾ ਬਣਾਉਂਦੇ ਹੋ, ਤਾਂ ਇਸ ਨੂੰ ਜਲਦੀ ਕਰੋ!
    - ਨਵੀਨਤਮ ਤੌਰ 'ਤੇ, ਇਸ ਨੂੰ ਚੋਣ ਦਿਵਸ ਤੋਂ ਘੱਟੋ-ਘੱਟ ਇੱਕ ਹਫ਼ਤਾ ਪਹਿਲਾਂ ਵਾਪਸ ਭੇਜੋ।

*ਇਹਨਾਂ ਸਵਾਲਾਂ ਦੇ ਜਵਾਬ ਕਿਵੇਂ ਲੱਭਣੇ ਹਨ ਇਸ ਬਾਰੇ ਜਾਣਕਾਰੀ ਲਈ https://www.advancingjustice-aajc.org/election2024 'ਤੇ ਜਾਓ! ਤੁਸੀਂ ਵੋਟਿੰਗ ਬਾਰੇ ਕਿਸੇ ਵੀ ਸਵਾਲਾਂ ਨੂੰ ਲੈ ਕੇ 1-888-API-VOTE (1-888-274-863) 'ਤੇ ਵੀ ਕਾਲ ਕਰ ਸਕਦੇ ਹੋ, ਭਾਵੇਂ ਉਹ ਕਿੰਨਾਂ ਵੀ ਵੱਡਾ ਜਾਂ ਛੋਟਾ ਨਾ ਹੋਵੇ। ਅਸੀਂ ਚੋਣ ਦਿਵਸ ਤੱਕ, ਉਸ ਦਿਨ ਅਤੇ ਬਾਅਦ ਵਿੱਚ ਸਹਾਇਤਾ ਪ੍ਰਦਾਨ ਕਰਨ ਲਈ ਉਪਲਬਧ ਹਾਂ।*

## ਵਿਅਕਤੀਗਤ ਵੋਟਿੰਗ: ਕੀ ਤੁਸੀਂ ਜਾਣਦੇ ਹੋ...

- ਤੁਹਾਡੀ ਪੋਲਿੰਗ ਲੋਕੇਸ਼ਨ ਕਿੱਥੇ ਹੈ?
- ਤੁਹਾਡੇ ਸ਼ੁਰੂਆਤੀ ਵੋਟਿੰਗ ਟਿਕਾਣੇ ਦੇ ਵਿਕਲਪ ਕਿੱਥੇ ਹਨ? ਤੁਹਾਡਾ ਵੋਟਿੰਗ ਸਥਾਨ ਕਿਹੜੇ ਦਿਨ ਅਤੇ ਸਮੇਂ ਖੁੱਲ੍ਹਾ ਹੈ?
- ਤੁਹਾਨੂੰ ਕਿਹੜੇ ਦਸਤਾਵੇਜ਼ਾਂ ਦੀ ਲੋੜ ਪਵੇਗੀ, ਜਿਵੇਂ ਕਿ ਇੱਕ ਫ਼ੋਟੋ ID?
- ਤੁਹਾਡੇ ਡ੍ਰੌਪ-ਬਾਕਸ ਟਿਕਾਣੇ ਕਿੱਥੇ ਹਨ?
- ਕੀ ਤੁਹਾਡਾ ਅਧਿਕਾਰ ਖੇਤਰ ਭਾਸ਼ਾ ਸਹਾਇਤਾ ਪ੍ਰਦਾਨ ਕਰਦਾ ਹੈ ਅਤੇ ਕਿਹੜੀਆਂ ਭਾਸ਼ਾਵਾਂ ਵਿੱਚ?
- ਜੇਕਰ ਤੁਹਾਨੂੰ ਭਾਸ਼ਾ ਸਹਾਇਤਾ ਦੀ ਲੋੜ ਹੈ ਤਾਂ ਤੁਹਾਡਾ ਅਨੁਵਾਦਕ ਕੌਣ ਹੋਵੇਗਾ?
- ਤੁਸੀਂ ਪੋਲਿੰਗ ਸਥਾਨ ਤੱਕ ਕਿਵੇਂ ਪਹੁੰਚ ਰਹੇ ਹੋ?

***ਯਾਦ ਰੱਖੋ, ਤੁਹਾਨੂੰ ਇਹ ਕਰਨ ਦਾ ਅਧਿਕਾਰ ਹੈ:***

- ਦੂਜਿਆਂ ਦੁਆਰਾ ਡਰਾਏ-ਧਮਕਾਏ ਜਾਣ ਜਾਂ ਵਿਤਕਰਾ ਕੀਤੇ ਜਾਣ ਤੋਂ ਬਿਨਾਂ ਵੋਟ ਕਰਨਾ
- ਵੋਟਿੰਗ ਬੂਥ ਵਿੱਚ ਤੁਹਾਡੀ ਮਦਦ ਕਰਨ ਲਈ ਆਪਣੀ ਪਸੰਦ ਦੇ ਕਿਸੇ ਵਿਅਕਤੀ ਨੂੰ ਲਿਆਉਣਾ ਜੇਕਰ ਤੁਹਾਨੂੰ ਅੰਗਰੇਜ਼ੀ ਵਿੱਚ ਕੁਝ ਮੁਸ਼ਕਲ ਹੈ ਜਾਂ ਕੋਈ ਅਪਾਹਜਤਾ ਹੈ
- ਵੋਟਾਂ ਬੰਦ ਹੋਣ 'ਤੇ ਜੇਕਰ ਤੁਸੀਂ ਕਤਾਰ ਵਿੱਚ ਹੋ ਤਾਂ ਵੋਟ ਪਾਉਣਾ

*ਵਧੇਰੇ ਜਾਣਕਾਰੀ ਲਈ [AAJC ਚੋਣ ਵੈੱਬਸਾਈਟ] 'ਤੇ ਜਾਓ ਜਾਂ ਅੰਗ੍ਰੇਜ਼ੀ, ਮੈਂਡਰਿਨ (普通話), ਕੈਂਟੋਨੀਜ਼ (廣東話), ਕੋਰੀਆਈ (한국어), ਵੀਅਤਨਾਮੀ (tiếng Việt), ਟਾਗਾਲੋਗ, ਉਰਦੂ (اردو), ਹਿੰਦੀ (हिंदी), ਅਤੇ ਬੰਗਾਲੀ/ਬੰਗਲਾ (বাংলা) ਵਿੱਚ ਮਦਦ ਪਾਉਣ ਸਾਨੂੰ 1-888-API-VOTE (1-888-274-8683) 'ਤੇ ਕਾਲ ਕਰੋ ਜੇਕਰ ਤੁਹਾਡੇ ਕੋਲ ਵੋਟਿੰਗ ਬਾਰੇ ਕੋਈ ਸਵਾਲ ਹਨ, ਭਾਵੇਂ ਉਹ ਕਿੰਨਾ ਵੀ ਵੱਡਾ ਜਾਂ ਛੋਟਾ ਕਿਉਂ ਨਾ ਹੋਵੇ। ਅਸੀਂ ਚੋਣ ਦਿਵਸ ਤੱਕ, ਉਸ ਦਿਨ ਅਤੇ ਬਾਅਦ ਵਿੱਚ ਸਹਾਇਤਾ ਪ੍ਰਦਾਨ ਕਰਨ ਲਈ ਉਪਲਬਧ ਹਾਂ।*